**CODE : 01/A** **501/A**

Roll No. : ....

Total No. of Questions : 10 ]   [ Total No. of Printed Pages : 4

**X**

**2326**

**ਸਲਾਨਾ ਪਰੀਖਿਆ ਪ੍ਰਣਾਲੀ**

# PUNJABI

**Paper : A**

**(Morning Session)**

---

**Time Allowed : 3 Hours**   **Maximum Marks : 65**

---

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ 01/A ਜ਼ਰੂਰ ਦਰਜ ਕਰੋ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 24 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ।

(iv) ਕੋਈ ਵਾਧੂ ਸ਼ੀਟ ਨਹੀਂ ਮਿਲ਼ੇਗੀ। ਇਸ ਲਈ ਉੱਤਰ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।

(v) ਸਾਰੇ ਪ੍ਰਸ਼ਨ ਜ਼ਰੂਰੀ ਹਨ।

(vi) ਪ੍ਰਸ਼ਨ-ਪੱਤਰ ਵਿੱਚ ਕੁੱਲ 10 ਪ੍ਰਸ਼ਨ ਹਨ।

A2zpapers.in

1. ਵਸਤੂਨਿਸ਼ਠ ਪ੍ਰਸ਼ਨ :

ਭਾਗ – ੳ 4 × 2

(ੳ) ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਰਚਨਾ ਕਿਹੜੀ ਹੈ ?

(ਅ) ਸ਼ਾਹ ਹੁਸੈਨ ਨੇ ਤਾਣਾ ਤੇ ਬਾਣਾ ਕਿਸ ਨੂੰ ਕਿਹਾ ਹੈ ?

(ੲ) ਮਰਦਾਨੇ ਨੇ ਬੇਬੇ ਨਾਨਕੀ ਤੋਂ ਕਿੰਨੇ ਰੁਪਏ ਲਏ ਸਨ ?

(ਸ) 'ਬੋਲੀ' ਲੇਖ ਕਿਸ ਲੇਖਕ ਦੀ ਰਚਨਾ ਹੈ ?

ਭਾਗ – ਅ 4 × 2

(ਹ) ਬਲਵੰਤ ਰਾਏ ਕਿੰਨੇ ਸਾਲਾਂ ਤੋਂ ਇੰਗਲੈਂਡ ਰਹਿ ਰਿਹਾ ਸੀ ?

(ਕ) ਰਸ਼ੀਦ ਦਾ ਪੁੱਤਰ ਕਿਸ ਦੇਸ ਵਿੱਚ ਰਹਿੰਦਾ ਸੀ ?

(ਖ) 'ਬੰਬ-ਕੇਸ' ਇਕਾਂਗੀ ਦੇ ਇਕਾਂਗੀਕਾਰ ਦਾ ਨਾਂ ਲਿਖੋ।

(ਗ) ਪੰਜਾਬ ਤੋਂ ਕਿਹੜਾ ਸਿੱਖ ਗੁਰੂ ਗੋਬਿੰਦ ਸਿੰਘ ਜੀ ਦਾ ਜ਼ਫ਼ਰਨਾਮਾ ਲੈ ਕੇ ਆਇਆ ?

ਭਾਗ – ੲ 2 × 2

A2zpapers.in

(ਘ) ਤਾਰੋ ਡੁੰਮਣ ਨੂੰ ਕੀ ਕਹਿ ਕੇ ਬੁਲਾਉਂਦੀ ਹੈ ?

(ਙ) ਦਰਬਾਰ ਸਾਹਿਬ ਨੂੰ ਜਾਣ ਵਾਲੀਆਂ ਸਵਾਰੀਆਂ ਨੇ ਬੰਤੇ ਨੂੰ ਕਿੰਨੇ ਪੈਸੇ ਦੇਣੇ ਮੰਨੇ ?

2. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 150 ਸ਼ਬਦਾਂ ਵਿ
ਲਿਖੋ : 2 + 3 =

(ੳ) ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥

ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥

(ਅ) ਉੱਖਲੀਆਂ ਨਾਸਾਂ ਜਿਨਾ ਮੁਹਿ ਜਾਪਨ ਆਲੇ।

ਧਾਏ ਦੇਵੀ ਸਾਹਮਣੇ ਬੀਰ ਮੁਛਲੀਆਲੇ ॥

ਸੁਰਪਤ ਜੇਹੇ ਲੜ ਹਟੇ ਬੀਰ ਟਲੇ ਨ ਟਾਲੇ ॥

ਗੱਜੇ ਦੁਰਗਾ ਘੇਰ ਕੈ ਜਣੁ ਘਣੀਅਰ ਕਾਲੇ ॥

3. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਗ-ਪਗ 40 ਸ਼ਬਦਾਂ ਵਿੱਚ ਲਿਖੋ : 4

(ੳ) ਸੋ ਕਿਉ ਮੰਦਾ ਆਖੀਐ (ਗੁਰੂ ਨਾਨਕ ਦੇਵ ਜੀ)

(ਅ) ਮਾਂ-ਪੁੱਤ ਦਾ ਮੇਲ (ਕਾਦਰਯਾਰ)

4. ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ਇੱਕ ਲੇਖ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ : 6

(ੳ) ਪ੍ਰਾਰਥਨਾ (ਡਾ. ਬਲਬੀਰ ਸਿੰਘ)

(ਅ) ਮੇਰੇ ਵੱਡੇ-ਵਡੇਰੇ (ਗਿਆਨੀ ਗੁਰਦਿੱਤ ਸਿੰਘ)

5. ਵਾਰਤਕ ਲੇਖਾਂ ਦੇ ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ 'ਤੇ ਲਿਖੋ : $2 \times 2 = 4$

(ੳ) ਆਮ ਲੋਕ ਗੁਰੂ ਨਾਨਕ ਦੇਵ ਜੀ ਬਾਰੇ ਕੀ ਕੁਝ ਕਹਿੰਦੇ ਸਨ? 2

(ਅ) 'ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ-ਪਿਆਰ ਪੈਦਾ ਹੁੰਦਾ ਹੈ।' ਇਸ ਕਥਨ ਦੀ ਵਿਆਖਿਆ ਕਰੋ। https://www.punjabboardonline.com 2

A2zpapers.in

(ੲ) ਬਾਬਾ ਰਾਮ ਸਿੰਘ ਜੀ ਨੇ ਆਪਣੇ ਜੀਵਨ-ਨਿਰਬਾਹ ਲਈ ਕਿਹੜੇ-ਕਿਹੜੇ ਕਿੱਤੇ ਅਪਣਾਏ? 2

(ਸ) ਕਾਲੀਦਾਸ ਨੂੰ ਹਰ ਪ੍ਰਾਂਤ ਤੇ ਜਾਤੀ ਦੇ ਲੋਕ ਆਪਣਾ ਕਿਉਂ ਦੱਸਦੇ ਹਨ? 2

6. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਕਹਾਣੀ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ : 6

(ੳ) ਕੁਲਫ਼ੀ (ਪ੍ਰਿੰ. ਸੁਜਾਨ ਸਿੰਘ)

(ਅ) ਧਰਤੀ ਹੇਠਲਾ ਬਲ਼ਦ (ਕੁਲਵੰਤ ਸਿੰਘ ਵਿਰਕ)

7. ਕਹਾਣੀਆਂ ਦੇ ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ 'ਤੇ ਲਿਖੋ : $2 \times 2 = 4$

(ੳ) ਮਾਸੀ ਇੰਗਲੈਂਡ ਤੋਂ ਇੰਡੀਆ ਨੂੰ ਮੁੜ ਕਿਉਂ ਪਰਤ ਆਉਣਾ ਚਾਹੁੰਦੀ ਹੈ? 2

(ਅ) ਅਮਰੀਕ ਸਿੰਘ ਨੂੰ ਆਪਣੇ ਘਰਦਿਆਂ ਨਾਲ਼ ਕਿਸ ਗੱਲ ਦਾ ਇਤਰਾਜ਼ ਸੀ? 2

(ੲ) ਬੰਮ ਬਹਾਦਰ ਨੇ ਪੈਰਾਂ ਦੇ ਸੰਗਲ਼ ਤੋੜ ਕੇ ਕੀ ਤਬਾਹੀ ਕੀਤੀ? 2

(ਸ) ਕਰਮ ਸਿੰਘ ਦਾ ਸੁਭਾਅ ਕਿਹੋ-ਜਿਹਾ ਸੀ? 2

8. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖੋ 5

(ੳ) ਸ਼ਾਹੀ ਹਕੀਮ (ਇਕਾਂਗੀ ਜ਼ਫ਼ਰਨਾਮਾ)

(ਅ) ਸ਼ਰਨਜੀਤ (ਇਕਾਂਗੀ ਸਮੁੰਦਰੋਂ ਪਾਰ)

9. ਹੇਠ ਲਿਖੀਆਂ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ 3 × 2 = 6

(ੳ) "ਜੀ, ਤੋੜੇ ਵਾਲੀ ਬੰਦੂਕ ਤਾਂ ਘਰ-ਘਰ ਐ। ਸਫ਼ਾ ਜੰਗ, ਗੁਪਤੀ, ਭਾਲਾ, ਨੇਜ਼ਾ, ਛਵ੍ਹੀ; ਕਿਹੜਾ ਹਥਿਆਰ ਐ ਜਿਹੜਾ ਨਹੀਂ ਘੜ ਲੈਂਦੇ। ਤੁਸੀਂ ਵਜ਼ੀਰੇ ਦਾ ਨਾਂ ਤਾਂ ਸੁਣਿਆ ਈ ਐ। ਇੱਥੇ ਮਿੱਤੂ ਲੁਹਾਰ ਦੇ ਮੁਹੱਲੇ ਵਿੱਚ ਕਿਤੇ ਰਹਿੰਦਾ ਐ। ਉਹ ਬੰਬ ਵੀ ਬਣਾਉਂਦੈ।"

ਪ੍ਰਸ਼ਨ :

(i) ਇਹ ਵਾਰਤਾਲਾਪ ਕਿਸ ਇਕਾਂਗੀ ਵਿੱਚੋਂ ਲਈ ਗਈ ਹੈ? 2

(ii) ਵਜ਼ੀਰਾ ਕਿਹੜੇ ਮੁਹੱਲੇ ਵਿੱਚ ਰਹਿੰਦਾ ਹੈ? 2

(iii) ਇਹ ਸ਼ਬਦ ਕੌਣ, ਕਿਸ ਨੂੰ ਕਹਿੰਦਾ ਹੈ? 2

(ਅ) "ਮੇਰਾ ਤਾਂ ਕੋਈ ਨਹੀਂ ਕਰਦਾ ਜੀਅ, ਤੁਸੀਂ ਆਪਣੇ ਪੁੱਤਰ ਦੇ ਦੂਜੇ ਵਿਆਹ ਦੇ ਡਰਾਵੇ ਦਿੰਦੇ ਰਹਿੰਨੇ ਓ। ਪਰ ਮਾਂ ਜੀ, ਮੈਂ ਮਗਰੋਂ ਨਹੀਂ ਲਹਿਣ ਵਾਲੀ, ਐਡੀ ਸੌਖੀ। ਤੁਸੀਂ ਕਰੋ ਸਈ, ਆਪਣੇ ਪੁੱਤ ਦਾ ਦੂਜਾ ਵਿਆਹ, ਮੈਂ ਤੁਹਾਡੇ ਦਰ 'ਤੇ ਖੁਆਰ ਹੋ ਕੇ ਨਾ ਮਰ ਜਾਵਾਂ !"

A2zpapers.in

ਪ੍ਰਸ਼ਨ :

(i) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਲਏ ਗਏ ਹਨ? 2

(ii) ਮਨਜੀਤ ਦੀ ਸੱਸ ਉਸ ਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਹੈ? 2

(iii) ਸੱਸ ਵੱਲੋਂ ਦਿੱਤੇ ਡਰਾਵੇ ਦੇ ਸੰਬੰਧ ਵਿੱਚ ਮਨਜੀਤ ਕੀ ਆਖਦੀ ਹੈ? 2

10. ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖੋ : 5

(ੳ) ਤਾਰੋ

(ਅ) ਪਰਵੇਜ਼

---